# ਸਕੂਲ ਵਿਖੇ ਵਾਤਾਵਰਨ ਬਚਾਉ ਦਿਵਸ ਮਨਾਇਆ

ਸੁਰਿੰਦਰ ਲਾਲੀ, ਮਾਨਸਾ

**ਪਿੰਡ ਮੀਆਂ** ਵਿਖੇ ਸਰਕਾਰੀ ਸੈਕੰਡਰੀ ਸਕੂਲ ਵਿਖੇ ਤਲਵੰਡੀ ਸਾਬੋ ਪਾਵਰ ਲਿਮਟਿਡ ਵੱਲੋਂ ਵਾਤਾਵਰਨ ਬਚਾਉ ਦਿਵਸ ਮਨਾਇਆ ਗਿਆ। ਇਸ ਮੌਕੇ ਸਕੂਲ ਸਟਾਫ ਅਤੇ ਕੰਪਨੀ ਦੇ ਅਧਿਕਾਰੀਆਂ ਵਲੋਂ ਵਾਤਾਵਰਨ ਨੂੰ ਬਚਾਉਣ ਲਈ ਪੌਦੇ ਲਗਾਏ ਗਏ। ਇਸ ਸਮੇਂ ਮੁੱਖ ਮਹਿਮਾਨ ਰਾਜੇਸ਼ ਖੰਨਾ ਪ੍ਰਿੰਸੀਪਲ ਜਟਾਣਾ ਨੇ ਵਿਸ਼ੇਸ਼ ਤੌਰ 'ਤੇ ਪਹੁੰਚੇ। ਕੰਪਨੀ ਵਲੋਂ ਪਰਿਆਵਰਨ ਦੇ ਇੰਚਾਰਜ ਸ੍ਰੀ ਬਾਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਵਾਤਾਵਰਨ ਨੂੰ ਬਚਾਉਣ ਲਈ ਸਾਨੂੰ ਵੱਧ ਤੋਂ ਵੱਧ ਪੌਦੇ ਲਾਉਣੇ ਚਾਹੀਦੇ ਹਨ। ਇਸ ਦੇ ਤਹਿਤ ਹੀ ਅੱਜ ਇਸ ਸਕੂਲ 'ਚ ਫਲਦਾਰ, ਛਾਂਦਾਰ ਅਤੇ ਫੁੱਲਾਂ ਵਾਲੇ ਪੌਦੇ ਲਾਏ ਗਏ ਹਨ।

ਉਨ੍ਹਾਂ ਕਿਹਾ ਕਿ ਅੱਜ ਮਨੁੱਖ ਆਪਣੀਆਂ ਸਵਾਰਥੀ ਲੋੜਾਂ ਨੂੰ ਪੂਰਾ ਕਰਨ ਲਈ ਰੁੱਖਾਂ ਦੀ ਕਟਾਈ ਕਰ ਰਹੇ ਹਨ ਅਤੇ ਜਿਸ ਕਰਕੇ ਵਾਤਾਵਰਨ ਦਿਨੋਂ-ਦਿਨ ਗੰਧਲਾ ਹੋ ਰਿਹਾ ਹੈ ਅਤੇ ਸਾਨੂੰ ਅਨੇਕਾਂ ਪ੍ਰਕਾਰ ਦੀਆਂ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੰਪਨੀ ਦੇ ਅਧਿਕਾਰੀਆਂ ਵਲੋਂ ਪਹਿਲੀਆਂ ਪੁਜੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ



ਮੀਆਂ ਦੇ ਸਕੂਲ 'ਚ ਪੌਦਾ ਲਾਉਂਦੇ ਸਕੂਲ ਸਟਾਫ। ਪੰਜਾਬੀ ਜਾਗਰਣ

ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਾਤਾਵਰਣ ਬਚਾਉ ਦਿਵਸ ਦੇ ਮੌਕੇ ਸਕੂਲ ਦੇ ਪ੍ਰਿੰਸੀਪਲ ਰਣਦੀਪ ਕੌਰ, ਮੈਡਮ ਮੋਨਾ, ਪਿੰਡ ਦੀ ਪੰਚਾਇਤ ਤੇ ਸਕੂਲ ਦੀ ਮੈਨੇਜਿੰਗ ਕਮੇਟੀ ਵਲੋਂ ਵੀ ਪੌਦੇ ਲਾਏ ਗਏ।

ਇਸ ਮੌਕੇ ਕੰਪਨੀ ਦੇ ਅਧਿਕਾਰੀ ਡਾਕਟਰ ਵਿਸ਼ਾਲ ਅਗਰਵਾਲ ਨੇ ਕਿਹਾ ਕਿ ਵਾਤਾਵਰਨ ਸਾਡੇ ਲਈ ਬਹੁਤ ਹੀ ਲਾਭਦਾਇਕ ਹੈ, ਇਸ ਲਈ ਇਸ ਨੂੰ ਸ਼ੁੱਧ ਰੱਖਣਾ ਸਾਡੀ ਵੱਡੀ ਜ਼ਿੰਮੇਵਾਰੀ ਬਣਦੀ ਹੈ। ਇਸ ਮੌਕੇ ਕੰਪਨੀ ਦੀ ਪੀਆਰਓ ਮੈਡਮ ਪ੍ਰੀਤੀ ਰਾਵਤ, ਸਕੂਲ ਸਟਾਫ ਕੰਵਲਦੀਪ ਸਿੰਘ, ਅਜੈਪਾਲ ਸਿੰਘ, ਸਿਮਰਤ ਕੌਰ, ਵਿਕਾਸ ਤੇ ਮਨਪ੍ਰੀਤ ਕੌਰ ਆਦਿ ਹਾਜ਼ਰ ਸਨ। ਅੰਤ 'ਚ ਸਕੂਲ ਪ੍ਰਿੰਸੀਪਲ ਰਣਦੀਪ ਕੌਰ ਨੇ ਵੇਦਾਂਤਾ ਦੇ ਅਧਿਕਾਰੀਆਂ ਦਾ ਧੰਨਵਾਦ ਕੀਤਾ।